੨੫-੦੯-੨੦੧੧ ਦੀ **ਵਿਚਾਰ-ਚਰਚਾ** ਵਿੱਚ ਪੇਸ਼ ਹੋਇਆ **ਮਤਾ**:-

- ਅਨੰਦ ਮੈਰਿਜ ਐਕਟ ੧੯੦੯ ਸਿੱਖ ਮਰਯਾਦਾ ਅਨੁਸਾਰ ਲਈਆਂ ਗਈਆਂ ਲਾਵਾਂ ਨੂੰ ਮਾਨਤਾ ਦੇਣ ਲਈ ਸਿੱਖ ਚਿੰਤਕਾਂ ਅਤੇ ਚੀਫ਼ ਖਾਲਸਾ ਦੀਵਾਨ ਦੇ ਮੋਢੀਆਂ ਵੱਲੋਂ ਉਸ ਸਮੇਂ ਚੁਕਿਆ ਗਿਆ ਇੱਕ ਸ਼ਲਾਘਾਯੋਗ ਕਦਮ ਸੀ। ਪਰ ਅੱਜ ਸਮੇਂ ਦੀ ਲੋੜ ਹੈ ਕਿ ਸਿੱਖੀ ਮਰਯਾਦਾ ਅਨੁਸਾਰ ਹੋਏ ਵਿਆਹ ਨੂੰ ਦਰਜ (ਰਜਿਸਟਰਡ) ਵੀ ਅਨੰਦ ਮੈਰਿਜ ਐਕਟ ਅਧੀਨ ਹੀ ਕੀਤਾ ਜਾਵੇ, ਇਸ ਲਈ ੧੯੦੯ ਦੇ ਐਕਟ ਦੀ ਸੋਧ ਜ਼ਰੂਰੀ ਹੋ ਗਈ ਹੈ।
- ਅੱਜ ਦਾ ਇਹ ਇੱਕਠ ਅਤੇ ਚੀਫ਼ ਖਾਲਸਾ ਦੀਵਾਨ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਅਨੰਦ ਮੈਰਿਜ ਐਕਟ ਵਿੱਚ ਸੋਧ ਕਰ ਕੇ ਸਿੱਖ ਕੌਮ ਦੀ ਇਸ ਮੰਗ ਨੂੰ ਪ੍ਰਵਾਨਿਆ ਜਾਵੇ ਤਾਂ ਜੋ ਇਸ ਤੋਂ ਅੱਗੇ ਚਲਦੇ ਹੋਏ ਸਿੱਖਾਂ ਦੇ ਆਪਣੇ ਪਰਸਨਲ ਲਾਅ ਦੀ ਵੀ ਗੱਲ ਕੀਤੀ ਜਾ ਸਕੇ। ਤਾਂ ਜੋ ਸਿੱਖ ਆਪਣੇ ਆਪ ਨੂੰ ਹਿੰਦੂ ਸ਼ਬਦ ਤੋਂ ਅਜਾਦ ਸਮਝਣ।
- ਸਿੱਖ ਸੰਸਥਾਵਾਂ ਤੇ ਸਿੱਖ ਚਿੰਤਕਾਂ ਵੱਲੋਂ ਇਸ ਮੁੱਦੇ ਸੰਬੰਧੀ ਕਈ ਤਰ੍ਹਾਂ ਦੇ ਮਤੇ ਅਤੇ ਸੁਝਾਅ ਪਹਿਲਾਂ ਵੀ ਸਰਕਾਰ ਅੱਗੇ ਪੇਸ਼ ਕੀਤੇ ਜਾ ਚੁੱਕੇ ਹਨ। ਚੀਫ਼ ਖਾਲਸਾ ਦੀਵਾਨ ਵੱਲੋਂ ਅੱਜ ਦੀ ਵਿਚਾਰ ਚਰਚਾ ਤੋਂ ਬਾਅਦ ਅਨੰਦ ਮੈਰਿਜ ਐਕਟ ਵਿੱਚ ਸੋਧ ਕਿਉਂ ਜ਼ਰੂਰੀ ਹੈ- ਦੀ ਲੋੜ ਨੂੰ ਬੱਲ ਮਿਲਿਆ ਹੈ। ਇਹ ਸਿੱਖਾਂ ਦੀ ਆਪਣੀ ਨਿਆਰੀ ਹੋਂਦ ਦਾ ਵੀ ਮਸਲਾ ਹੈ।
- ਅੱਜ ਦਾ ਇਹ ਇੱਕਠ ਅਤੇ ਚੀਫ਼ ਖਾਲਸਾ ਦੀਵਾਨ ਸਾਰੇ ਸਿੱਖ ਿਫ'ਸ ਨੂੰ ਬੇਨਤੀ ਕਰਦਾ ਹੈ ਕਿ ਉਹ ਪਾਰਟੀ ਵਿਚਾਰਧਾਰਾ ਤੋਂ ਉਪੱਰ ਉਠ ਕੇ ਸਿੱਖ ਜਜ਼ਬਾਤਾਂ ਦੀ ਤਰਜਮਾਨੀ ਕਰਦਿਆਂ ਪਾਰਲੀਮੈਂਟ ਵਿੱਚ ਇਸ ਦੀ ਸੋਧ ਲਈ ਉਪਰਾਲਾ ਕਰਨ।
- ਅੱਜ ਦਾ ਇਹ ਇਜਲਾਸ ਅਤੇ ਚੀਫ਼ ਖਾਲਸਾ ਦੀਵਾਨ ਦੂਰ-ਨੇੜੇ ਵਸਦੇ ਸਮੂਹ ਸਿੱਖ ਜਗਤ ਨੂੰ ਸਨਿਮਰ ਬੇਨਤੀ ਕਰਦਾ ਹੈ ਕਿ ਆਪਣੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਨੂੰ ਸੰਸਦ ਵਿੱਚ ਅਨੰਦ ਮੈਰਿਜ ਐਕਟ ੧੯੦੯ ਵਿੱਚ ਸੋਧ ਕਰਵਾਉਣ ਲਈ ਆਪਣਾ ਰੋਲ ਅਦਾ ਕਰਨ ਲਈ ਪ੍ਰੇਰਿਤ ਕਰਨ।
- ਅੱਜ ਦੀ ਇਹ ਇੱਕਤਰਤਾ ਅਤੇ ਚੀਫ਼ ਖਾਲਸਾ ਦੀਵਾਨ ਵਿਧਾਨ ਸਭਾਵਾਂ, ਪੰਚਾਇਤਾਂ, ਸਮੂਹ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦਾ ਹੈ ਕਿ ਇਸ ਸੰਬੰਧੀ ਮਤੇ ਪਾਸ ਕਰ ਕੇ ਭਾਰਤ ਸਰਕਾਰ ਨੂੰ ਭੇਜਣ ਤਾਂ ਜੋ ਅਨੰਦ ਮੈਰਿਜ ਐਕਟ ਦੀ ਲੋੜ ਦਾ ਸਰਕਾਰ ਨੂੰ ਅਹਿਸਾਸ ਹੋਵੇ।

ਅੰਤ ਵਿੱਚ ਇਹ ਸੰਮੇਲਨ ਭਾਰਤ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਸਿੱਖ ਮੁੱਦਿਆਂ ਪ੍ਰਤੀ ਅਣਦੇਖੀ ਕਰਨ ਵਾਲਾ ਰੱਵਈਆ ਨਾ ਅਪਣਾਏ।

ਪੇਸ਼ ਕਰਤਾ-

ਚਰਨਜੀਤ ਸਿੰਘ ਚੱਢਾ
ਪ੍ਰਧਾਨ

ਤਾਈਦ ਕਰਤਾ-

੧. ਸ੍ਰ. ਨਿਰਮਲ ਸਿੰਘ
੨. ਡਾ. ਸੰਤੋਖ ਸਿੰਘ